# ਮਈਆ ਪੈ ਗਈ ਪੰਜਾਬੀਆਂ ਦੇ ਪੱਲੇ

ਮਈਆ ਪੈ ਗਈ ਪੰਜਾਬੀਆਂ ਦੇ ਪੱਲੇ

ਮਈਆ, ਪੈ ਗਈ, ਪੰਜਾਬੀਆਂ ਦੇ ਪੱਲੇ,
ਮਈਆ ਜੀ, ਹੋ ਗਈ, ਬੱਲੇ ਬੱਲੇ ॥
ਬੱਲੇ ਬੱਲੇ, ਹੋ ਗਈ, ਬੱਲੇ ਬੱਲੇ ॥
ਅਸੀਂ, ਦਰ, ਮਈਆ ਦੇ ਚੱਲੇ,
ਮਈਆ ਜੀ, ਹੋ ਗਈ, ਬੱਲੇ ਬੱਲੇ...
ਮਈਆ, ਪੈ ਗਈ...

ਆਪ ਤਾਂ, ਕਰੇ ਮਈਆ, ਸ਼ੇਰ ਦੀ ਸਵਾਰੀ ॥
ਤੇਰੇ, ਭਗਤਾਂ ਦੀ, ਮੋਟਰ ਕਾਰ ਚੱਲੇ,
ਮਈਆ ਜੀ, ਹੋ ਗਈ, ਬੱਲੇ ਬੱਲੇ...
ਮਈਆ, ਪੈ ਗਈ...

ਆਪ ਤਾਂ, ਨਹਾਵੇ ਮਈਆ, ਬਾਣ ਗੰਗਾ ਵਿੱਚ ॥
ਤੇਰੇ ਭਗਤ, ਨਹਾਉਂਦੇ ਨੇ, ਟੂਟੀ ਥੱਲੇ,
ਮਈਆ ਜੀ, ਹੋ ਗਈ, ਬੱਲੇ ਬੱਲੇ...
ਮਈਆ, ਪੈ ਗਈ...

ਆਪ ਤਾਂ, ਪੀਂਦੀ ਮਈਆ, ਗੰਗਾ ਜਲ ਪਾਣੀ ॥
ਤੇਰੇ, ਭਗਤਾਂ ਦਾ, ਕੋਕਾ ਕੋਲਾ ਚੱਲੇ,
ਮਈਆ ਜੀ, ਹੋ ਗਈ, ਬੱਲੇ ਬੱਲੇ...
ਮਈਆ, ਪੈ ਗਈ...

ਆਪ ਤਾਂ, ਲੈਂਦੀ ਮਈਆ, ਧੂਫ ਦਾ ਧੂਣਾ ॥
ਤੇਰੇ, ਭਗਤਾਂ ਦਾ, ਫਾਰ ਸਕੇਅਰ ਚੱਲੇ,
ਮਈਆ ਜੀ, ਹੋ ਗਈ, ਬੱਲੇ ਬੱਲੇ...
ਮਈਆ, ਪੈ ਗਈ...

ਆਪ ਤਾਂ, ਪਹਿਨਦੀ ਮਈਆ, ਲਾਲ ਲਾਲ ਚੋਲਾ ॥
ਤੇਰੇ, ਭਗਤਾਂ ਦਾ, ਜੀਨ ਟਾਪ ਚੱਲੇ,
ਮਈਆ ਜੀ, ਹੋ ਗਈ, ਬੱਲੇ ਬੱਲੇ...
ਮਈਆ, ਪੈ ਗਈ...

ਆਪ ਤਾਂ, ਖਾਵੇ ਮਈਆ, ਕੜ੍ਹਾਹ ਪੂਰੀ ਛੋਲੇ ॥
ਤੇਰੇ, ਭਗਤ, ਤਾਂ ਖਾਵਣ ਦਹੀਂ ਭੱਲੇ,
ਮਈਆ ਜੀ, ਹੋ ਗਈ, ਬੱਲੇ ਬੱਲੇ...
ਮਈਆ, ਪੈ ਗਈ...

ਆਪ ਤਾਂ, ਪਾਵੇ ਮਈਆ, ਚਰਨੀ ਖੜ੍ਹਾਵਾਂ ॥
ਤੇਰੇ, ਭਗਤਾਂ ਦਾ, ਨਾਈਕੀ ਸ਼ੂ ਚੱਲੇ,
ਮਈਆ ਜੀ, ਹੋ ਗਈ, ਬੱਲੇ ਬੱਲੇ...

**ਮਈਆ, ਪੈ ਗਈ...**

**ਅਪਲੋਡਰ-ਅਨਿਲਰਾਮੂਰਤੀਭੋਪਾਲ**

https://www.bhajanganga.com/bhajan/lyrics/id/33279/title/maiya-pai-gayi-punjabiya-de-palle-Punjabi-bhent

अपने Android मोबाइल पर BhajanGanga App डाउनलोड करें और भजनों का आनंद ले |